2023|46549
2|11|2023
ਨ1

**ਦਫਤਰ: ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਸ.ਅ.ਸ.ਨਗਰ।**
**(ਸੈਕੰਡਰੀ ਸਿਖਿਆ ਸ਼ਾਖਾ)**

**Email id: dpiseadsa@Punjabeducation.gov.in**

ਵੱਲ

ਸਮੂਹ ਜਿਲ੍ਹਾ ਸਿਖਿਆ ਅਫਸਰ(ਸੈ.ਸਿ/ਐ.ਸਿ.)
ਪੰਜਾਬ।
ਮੀਮੋ ਨੰਬਰ ਈ 435381 ਸੈ.ਸਿ(1)/2023298099
ਮਿਤੀ: ਸ.ਅ.ਸ.ਨਗਰ, 23|10|2023

ਵਿਸ਼ਾ:- ਮਹੱਤਵਪੂਰਣ ਸ਼ਖਸੀਅਤਾਂ ਦੇ ਨਾਮ ਤੇ ਸਰਕਾਰੀ ਵਿਦਿਅਕ ਅਦਾਰਿਆਂ ਦੇ ਨਾਮ ਤੇ ਰੱਖਣ ਸਬੰਧੀ ਹੋਈ ਮੀਟਿੰਗ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮਾਨਯੋਗ ਸਕੱਤਰ ਸਕੂਲ ਸਿੱਖਿਆ ਜੀ ਵੱਲੋਂ ਮਿਤੀ 13-10-2023 ਨੂੰ ਵਿਦਿਅਕ ਅਦਾਰਿਆਂ ਦੇ ਨਾਮ ਤੇ ਰੱਖਣ ਸਬੰਧੀ ਮੀਟਿੰਗ ਰੱਖੀ ਗਈ ਸੀ। ਇਸ ਮੀਟਿੰਗ ਵਿੱਚ ਰੱਖਿਆ ਸੇਵਾਵਾਂ ਭਲਾਈ ਵਿਭਾਗ ਅਤੇ ਫਰੀਡਮ ਫਾਈਟਰ ਵਿਭਾਗ ਨਾਲ ਸਬੰਧਤ ਸ਼ਖਸੀਅਤਾਂ ਦੇ ਨਾਵਾਂ ਤੇ ਵਿਦਿਅਕ ਅਦਾਰਿਆਂ ਦੇ ਨਾਮ ਰੱਖਣ ਸਬੰਧੀ ਕੇਸ ਵਿਚਾਰੇ ਗਏ ਸਨ।

ਮੀਟਿੰਗ ਦੌਰਾਨ ਸਬੰਧਤ ਜਿਲ੍ਹਾ ਸਿਖਿਆ ਅਫਸਰਾਂ ਤੋਂ ਸ਼ਖਸੀਅਤ ਦੇ ਜਨਮ ਅਸਥਾਨ ਬਾਰੇ ਪੁੱਛਿਆ ਗਿਆ ਤਾਂ ਕਈ ਜਿਲ੍ਹਾ ਸਿਖਿਆ ਅਫਸਰਾਂ ਨੂੰ ਇਸ ਦੀ ਜਾਣਕਾਰੀ ਨਾ ਹੋਣ ਕਾਰਣ ਸਕੱਤਰ ਸਕੂਲ ਸਿਖਿਆ ਜੀ ਵੱਲੋਂ ਆਦੇਸ਼ ਦਿੱਤੇ ਗਏ ਹਨ ਕਿ ਵਿਭਾਗ ਨੂੰ ਜੀਵਨੀ ਭੇਜਦੇ ਸਮੇਂ ਉਸ ਵਿੱਚ ਉਹ ਸ਼ਖਸੀਅਤ ਜਿਸ ਦੇ ਨਾਮ ਤੇ ਸਕੂਲ ਦਾ ਨਾਮ ਰੱਖਿਆ ਜਾਣਾ ਹੈ, ਦੇ ਜਨਮ ਸਥਾਨ ਬਾਰੇ ਜ਼ਰੂਰ ਜ਼ਿਕਰ ਕੀਤਾ ਜਾਵੇ। ਇਸ ਤੋਂ ਇਲਾਵਾ ਜੀਵਨੀ ਵਿੱਚ ਸ਼ਹੀਦ ਦੇ ਕੇਸ ਵਿੱਚ ਸਬੰਧਤ ਵੱਲੋਂ ਜਿਸ ਆਪਰੇਸ਼ਨ ਦੌਰਾਨ ਸ਼ਹੀਦੀ ਪ੍ਰਾਪਤ ਕੀਤੀ ਹੋਵੇ ਅਤੇ ਪ੍ਰਾਪਤ ਪਦਕ ਆਦਿ ਬਾਰੇ ਸਪਸ਼ਟ ਰੂਪ ਵਿੱਚ ਵਰਣਨ ਕੀਤਾ ਜਾਵੇ। ਇਸ ਤੋਂ ਇਲਾਵਾ ਫਰੀਡਮ ਫਾਈਟਰ ਵਾਲੇ ਕੇਸ ਵਿੱਚ ਫਰੀਡਮ ਫਾਈਟਰ ਦੇ ਜਨਮਸਥਾਨ ਤੋਂ ਇਲਾਵਾ ਉਹਨਾਂ ਵੱਲੋਂ ਅਜਾਦੀ ਦੀ ਲੜਾਈ ਵਿੱਚ ਪਾਏ ਯੋਗਦਾਨ ਸਬੰਧੀ ਦਸਤਾਵੇਜ਼ਾਂ ਜਿਵੇਂ ਕਿ ਤਾਮਰ ਪੱਤਰ, ਪੈਨਸ਼ਨ ਰਿਕਾਰਡ ਆਦਿ ਸਮੇਤ ਸਪਸ਼ਟ ਵਰਣਨ ਕੀਤਾ ਜਾਵੇ।

ਸਹਾਇਕ ਡਾਇਰੈਕਟਰ (ਸੈ.ਸਿ)

**ਦਫਤਰ: ਡਾਇਰੈਕਟੋਰੇਟ ਆਫ ਸਕੂਲ ਐਜੂਕੇਸ਼ਨ (ਸੈਕੰਡਰੀ) ਪੰਜਾਬ, ਸ.ਅ.ਸ.ਨਗਰ।**
**(ਸੈਕੰਡਰੀ ਸਿਖਿਆ ਸ਼ਾਖਾ)**
**Email id: dpiseadsa@Punjabeducation.gov.in**

ਸੇਵਾ ਵਿਖੇ

ਸਮੂਹ ਡਿਪਟੀ ਕਮਿਸ਼ਨਰ,
ਪੰਜਾਬ।

ਮੀਮੋ ਨੰਬਰ ਈ 435381 ਸੈ.ਸਿ(1)/2023298102
ਮਿਤੀ: ਸ.ਅ.ਸ.ਨਗਰ, 23|10|2023

ਵਿਸ਼ਾ:- ਮਹੱਤਵਪੂਰਣ ਸ਼ਖਸੀਅਤਾਂ ਦੇ ਨਾਮ ਤੇ ਸਰਕਾਰੀ ਵਿਦਿਅਕ ਅਦਾਰਿਆਂ ਦੇ ਨਾਮ ਰੱਖਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਇਸ ਦਫਤਰ ਦੇ ਮੀਮੋ ਨੰਬਰ DPISE-SEDUORENM/2/2023/202393559 ਮਿਤੀ 29-03-2023 (ਕਾਪੀ ਨੱਥੀ) ਦੇ ਸਬੰਧ ਵਿੱਚ ਬੇਨਤੀ ਕੀਤੀ ਜਾਂਦੀ ਹੈ ਕਿ ਮਹੱਤਵਪੂਰਣ ਸ਼ਖਸੀਅਤਾਂ ਦੇ ਨਾਮ ਤੇ ਸਰਕਾਰੀ ਵਿਦਿਅਕ ਅਦਾਰਿਆ ਦੇ ਨਾਮ ਰੱਖਣ ਸਬੰਧੀ ਸਮੂਹ ਜਿਲ੍ਹਿਆਂ ਵੱਲੋਂ ਕੀਤੀਆਂ ਜਾਣ ਵਾਲੀਆਂ ਸਿਫਾਰਸ਼ਾਂ ਸਬੰਧੀ ਵਿਭਾਗ ਵੱਲੋਂ ਇੱਕ ਫਾਰਮੇਟ ਤਿਆਰ ਕੀਤਾ ਜਾਂਦਾ ਹੈ।

ਆਪ ਨੂੰ ਫਾਰਮੇਟ ਦੀ ਕਾਪੀ ਭੇਜਦੇ ਹੋਏ ਲਿਖਿਆ ਜਾਂਦਾ ਹੈ ਕਿ ਵਿਸ਼ਾ ਅੰਕਤ ਕੇਸਾਂ ਸਬੰਧੀ ਇਸੇ ਫਾਰਮੇਟ ਅਨੁਸਾਰ ਹੀ ਆਪਣੀ ਸਿਫਾਰਸ਼ ਭੇਜਣ ਦੀ ਕ੍ਰਿਪਾਲਤਾ ਕੀਤੀ ਜਾਵੇ।

ਇਹ ਪੱਤਰ ਸਮਰੱਥ ਅਥਾਰਟੀ ਦੀ ਪ੍ਰਵਾਨਗੀ ਉਪਰੰਤ ਜਾਰੀ ਕੀਤਾ ਜਾਂਦਾ ਹੈ।

ਸਹਾਇਕ ਡਾਇਰੈਕਟਰ (ਸੈ.ਸਿ.)

**ਦਫਤਰ ਜਿਲ੍ਹਾ ਸਿੱਖਿਆ ਅਫਸਰ (ਸੈ.ਸਿ) ਬਠਿੰਡਾ**

**ਪਿਠ ਅੰਕਣ ਨੰ : ਜੀ-1/1 ( ) 2023 / 6084 ਮਿਤੀ: 02/11/2023**

**ਉਪਰੋਕਤ ਦਾ ਉਤਾਰਾ ਸਮੂਹ ਸਕੂਲ ਮੁੱਖੀਆਂ ਨੂੰ , ਭੇਜਕੇ ਲਿਖਿਆ ਜਾਂਦਾ ਹੈ ਕਿ ਉਕਤ ਪੱਤਰ ਵਿਚ ਦਰਜ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਨੀ ਯਕੀਨੀ ਬਣਾਈ ਜਾਵੇ ।**

2/11/23
**ਜਿਲ੍ਹਾ ਸਿੱਖਿਆ ਅਫਸਰ (ਸੈ.ਸਿ)**
**ਬਠਿੰਡਾ ।**

ਦਫ਼ਤਰ ਡਿਪਟੀ ਕਮਿਸ਼ਨਰ ........................

ਸੇਵਾ ਵਿਖੇ

ਡਾਇਰੈਕਟਰ ਸਕੂਲ ਐਜੂਕੇਸ਼ਨ (ਸ/ਅ)

ਪੰਜਾਬ।

ਨੰਬਰ

ਮਿਤੀ:

ਵਿਸ਼ਾ:- ਸਰਕਾਰੀ ਪ੍ਰਾਇਮਰੀ/ਮਿਡਲ/ਹਾਈ/ਸੀਨੀਅਰ ਸੈਕੰਡਰੀ ਸਕੂਲ ਜ਼ਿਲ੍ਹਾ ਦਾ ਨਾਮ ਸ਼ਹੀਦ/ਦਰੀਸ਼ਮ ਡਾਇਰੈਕਟਰ /ਸਪੋਰਟਸ ( ਜਾਂ ਫਿਰ ਜਿਸ ਕੈਟਾਗਰੀ ਨਾਲ ਸਖਸ਼ੀਅਤ ਸਬੰਧਤ ਹੈ ...) ਦੇ ਨਾਮ ਤੇ ਰੱਖਣ ਸਬੰਧੀ।

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ(ਸ/ਅ) ਦੇ ਪੱਤਰ ਨੰਬਰ......................ਮਿਤੀ................ਰਾਹੀ ਸਰਕਾਰੀ ਪ੍ਰਾਇਮਰੀ/ ਮਿਡਲ/ ਹਾਈ/ਸੀਨੀਅਰ ਸੈਕੰਡਰੀ ਸਕੂਲ ਜ਼ਿਲ੍ਹਾ ਦਾ ਨਾਮ ਦਰੀਸ਼ਮ ਡਾਇਰੈਕਟਰ/ ਸਪੋਰਟਸ ( ਜਾਂ ਫਿਰ ਜਿਸ ਕੈਟਾਗਰੀ ਨਾਲ ਸਖਸ਼ੀਅਤ ਸਬੰਧਤ ਹੈ ...) ਦੇ ਨਾਮ ਤੇ ਰੱਖਣ ਦੀ ਸਿਫ਼ਾਰਸ਼ ਕੀਤੀ ਗਈ ਹੈ। (ਸਖਸ਼ੀਅਤ ਸਬੰਧੀ ਸੰਖੇਪ ਵਰਣਨ ਕੀਤਾ ਜਾਵੇ) ।

ਇਸ ਸਬੰਧੀ ਸੀਨੀਅਰ ਕਪਤਾਨ ਪੁਲਿਸ............ਪਾਸੋ ਪੱਤਰ ਨੰਬਰ...........ਮਿਤੀ ....ਪ੍ਰਾਪਤ ਹੋਇਆ ਹੈ. ਜਿਸ ਰਾਹੀਂ ਉਹਨਾਂ ਵੱਲੋ ਲਿਖਿਆ ਗਿਆ ਹੈ ਕਿ......... ਖਿਲਾਫ਼ ਕੋਈ ਮੁਕੱਦਮਾ ਆਦਿ ਲੰਬਿਤ ਨਹੀਂ ਹੈ। ਇਸ ਲਈ ਲੋਕਲ ਪੁਲਿਸ ਨੂੰ ਸਕੂਲ ਦਾ ਨਾਮ ਬਦਲਣ ਤੇ ਕੋਈ ਇਤਰਾਜ ਨਹੀ ਹੈ।

ਇਸੇ ਤਰ੍ਹਾਂ ਸਬੰਧਤ ਵਿਭਾਗ(ਰੱਖਿਆ ਸੇਵਾਵਾਂ ਭਲਾਈ ਵਿਭਾਗ/ਭਾਸ਼ਾ ਵਿਭਾਗ/ਸੱਭਿਆਚਾਰ ਵਿਭਾਗ) ਪ੍ਰਾਪਤ ਸਿਫਾਰਸ਼, ਪੰਚਾਇਤ, ਐਸ.ਐਮ.ਸੀ ਵੱਲੋ ਪਾਏ ਗਏ ਮਤਿਆਂ ਦੇ ਆਧਾਰ ਸਰਕਾਰੀ ਪ੍ਰਾਇਮਰੀ/ਹਾਈ/ਸੀਨੀਅਰ ਸੈਕੰਡਰੀ ਸਕੂਲ ਦਾ ਨਾਮ..... .........................................ਤੇ ਰੱਖਣ ਸਬੰਧੀ ਸਿੱਖਿਆ ਵਿਭਾਗ ਦੀ ਪਾਲਿਸੀ ਦੇ 2 ਅਧੀਨ ਸਿਫਾਰਸ਼ ਕੀਤੀ ਜਾਂਦੀ ਹੈ।

ਡਿਪਟੀ ਕਮਿਸ਼ਨਰ

ਪਿੱਠ ਅੰਕਣ ਨੰਬਰ ਉਕਤ ਮਿਤੀ:

ਉਤਾਰਾ ਜ਼ਿਲ੍ਹਾ ਸਿੱਖਿਆ ਅਫ਼ਸਰ( ਸੈ.ਸਿ./ਐ.ਸਿ.) ਨੂੰ ਸੂਚਨਾ ਅਤੇ ਅਗਲੇਰੀ ਯੋਗ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਿਪਟੀ ਕਮਿਸ਼ਨਰ